# Joint Press Release of the 9th Round of India-China Military Commander-Level Meeting

January 25, 2021

---

## ਭਾਰਤ-ਚੀਨ ਮਿਲਟਰੀ ਕਮਾਂਡਰ ਪੱਧਰ ਦੀ ਬੈਠਕ ਦੇ 9ਵੇਂ ਗੇੜ ਬਾਰੇ ਸਾਂਝਾ ਪ੍ਰੈਸ ਬਿਆਨ

25 ਜਨਵਰੀ, 2021

ਚੀਨ-ਭਾਰਤ ਕੋਰ ਕਮਾਂਡਰ ਪੱਧਰ ਦੀ 9ਵੀਂ ਗੇੜ ਦੀ ਬੈਠਕ ਮੋਲਡੋ-ਚੁਸ਼ੂਲ ਸਰਹੱਦ ਦੇ ਚੀਨੀ ਪਾਸੇ ਹੋਈ. ਦੋਨਾਂ ਪੱਖਾਂ ਨੇ ਚੀਨ-ਭਾਰਤ ਸਰਹੱਦੀ ਖੇਤਰਾਂ ਦੇ ਪੱਛਮੀ ਸੈਕਟਰ ਵਿੱਚ ਅਸਲ ਕੰਟਰੋਲ ਰੇਖਾ ’ਤੇ ਡਿਸਇੰਗੇਜਮੈਂਟ ਕਰਨ ਬਾਰੇ ਖੁੱਲ ਕੇ ਡੂੰਘੇ ਵਿਚਾਰ ਵਟਾਂਦਰੇ ਕੀਤੇ।

ਦੋਵਾਂ ਧਿਰਾਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਬੈਠਕ ਦਾ ਇਹ ਦੌਰ ਸਕਾਰਾਤਮਕ, ਵਿਹਾਰਕ ਅਤੇ ਉਸਾਰੂ ਸੀ, ਜਿਸ ਨਾਲ ਆਪਸੀ ਵਿਸ਼ਵਾਸ ਅਤੇ ਸਮਝ ਵਿੱਚ ਹੋਰ ਵਾਧਾ ਹੋਇਆ। ਦੋਵੇਂ ਧਿਰਾਂ ਨੇ ਅਗੇਤੇ ਮੋਰਚੇ ‘ਤੇ ਤਾਇਨਾਤ ਫੌਜੀਆਂ ਦੀ ਛੇਤੀ ਹੀ ਡਿਸਇੰਗੇਜਮੈਂਟ ਕਰਨ ਉੱਤੇ ਸਹਿਮਤੀ ਦਿੱਤੀ। ਉਨ੍ਹਾਂ ਨੇ ਆਪਣੇ ਮੁਲਕਾਂ ਦੇ ਆਗੂਆਂ ਦਰਮਿਆਨ ਹੋਏ ਮਹੱਤਵਪੂਰਣ ਸਮਝੌਤਿਆਂ ਦੀ ਪਾਲਣਾ ਕਰਨ, ਗੱਲਬਾਤ ਅਤੇ ਸੰਵਾਦ ਦੀ ਤੇਜ਼ ਰਫ਼ਤਾਰ ਨੂੰ ਬਣਾਏ ਰੱਖਣ ਅਤੇ ਡੀ-ਏਕੇਕਲੇਸ਼ਨ ਨੂੰ ਸਾਂਝੇ ਤੌਰ 'ਤੇ ਅੱਗੇ ਲੈਕੇ ਜਾਣ ਲਈ ਛੇਤੀ ਹੀ ਕੋਰ ਕਮਾਂਡਰ ਪੱਧਰ ਦੀ ਬੈਠਕ ਦਾ 10ਵਾਂ ਗੇੜ ਕਰਾਉਣ ਉੱਤੇ ਸਹਿਮਤੀ ਪ੍ਰਗਟ ਕੀਤੀ।

ਦੋਨਾਂ ਧਿਰਾਂ ਨੇ ਚੀਨ-ਭਾਰਤ ਸਰਹੱਦ ਦੇ ਪੱਛਮੀ ਸੈਕਟਰ ਵਿਚ ਅਸਲ ਕੰਟਰੋਲ ਰੇਖਾ ਉੱਤੇ ਹਾਲਾਤ ਨੂੰ ਸਥਿਰ ਬਣਾਉਣ ਅਤੇ ਕੰਟਰੋਲ ਕਰਨ, ਅਗੇਤੇ ਮੋਰਚੇ 'ਤੇ ਫੌਜਾਂ ਵੱਲੋਂ ਸੰਜਮ ਯਕੀਨੀ ਬਣਾਉਣ ਅਤੇ ਸਾਂਝੇ ਤੌਰ 'ਤੇ ਅਮਨ ਅਤੇ ਸ਼ਾਂਤੀ ਬਣਾਈ ਰੱਖਣ ਲਈ ਆਪਣੇ ਕਾਰਗਰ ਯਤਨ ਜਾਰੀ ਰੱਖਣ ਉੱਤੇ ਸਹਿਮਤੀ ਦਿੱਤੀ।

ਨਵੀਂ ਦਿਲੀ

25 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.